# देर ना करीं नी माएँ

ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ ਕਰੀਂ x||-||
ਰਾਹ ਤੱਕ ਤੱਕ, ਥੱਕ ਗਏ ਨੈਣ ਮੇਰੇ* |
ਬੈਠੇ ਲਾ ਕੇ ਉਡੀਕਾਂ, ਮਾਂਏਂ ਦਰ ਤੇ ਤੇਰੇ* ||
ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ ਕਰੀਂ x||-||

ਅਸੀਂ ਮੁੱਦਤਾਂ ਦੀ ਆਸ, ਲਗਾਈਂ ਹੋਈ ਏ |
ਧੂਣੀ ਫੱਕਰਾਂ ਨੇ, ਦਰ ਤੇ ਰਮਾਈ ਹੋਈ ਏ ||
ਬੈਠੇ ਸ਼ਰਧਾ ਦੀ ਜੋਤ, ਜਗਾ ਕੇ ਅੰਮੀਏ* |
ਸਾਨੂੰ ਦਰਸ਼ ਦਿਖਾ ਦੇ ਹੁਣ, ਆ ਕੇ ਅੰਮੀਏ* ||
ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ,,,,,,,,,,,,

ਤੂੰ ਤੇ ਜਾਣਦੀ ਏ ਦਾਤੀ, ਸਾਡਾ ਹੋਰ ਕੋਈ ਨਹੀਂ |
ਰੱਖ ਸੇਵਕਾਂ ਦਾ ਮਾਣ, ਸਾਡਾ ਹੋਰ ਕੋਈ ਨਹੀਂ ||
ਤੇਰੀ ਸੇਵਾ ਵਿੱਚ ਮਾਂਏਂ, ਉਮਰਾਂ ਏਹ ਬੀਤੀਆਂ* |
ਕਦੀ ਸਾਡੀਆਂ ਨਾ ਆ ਕੇ, ਖਬਰਾਂ ਤੂੰ ਲੀਤੀਆਂ* ||
ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ,,,,,,,,,,,,

ਸਾਡੀ ਸੱਧਰਾਂ ਦੀ ਝੋਲੀ, ਦੱਸ ਕਦੋਂ ਭਰੇਗੀ |
ਝੰਡੇ ਵਾਲੀਏ ਨੀ ਦੱਸ, ਕਦੋਂ ਮੇਹਰ ਕਰੇਗੀ ||
ਕਦੋ ਰਹਿਮਤਾਂ ਦੀ ਮਾਂਏਂ, ਬਰਸਾਤ ਹੋਏਗੀ* |
ਦਿਨ ਖੁਸ਼ੀਆਂ ਤੇ, ਭਾਗਾਂ ਵਾਲੀ ਰਾਤ ਹੋਏਗੀ* ||
ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ,,,,,,,,,,,,

ਤੇਰੇ ਦਰ ਤੇ ਜੋ ਅੰਮੀਏ, ਲਗਾਏ ਹਾਜ਼ਰੀ |
ਕਹਿੰਦੇ ਕਦੇ ਵੀ ਨਾ ਓਹਦੀ, ਖ਼ਾਲੀ ਜਾਏ ਹਾਜ਼ਰੀ ||
ਤੇਰੇ ਚਰਨਾਂ ਦੀ, ਮੰਗਦੇ ਆਂ ਧੂੜ ਦਾਤੀਏ* |
ਸਾਨੂੰ ਤੇਰੀਆਂ ਫ਼ਕੀਰੀਆਂ, ਕਬੂਲ ਦਾਤੀਏ* ||
ਦੇਰ ਨਾ ਕਰੀਂ ਨੀ ਮਾਂਏਂ, ਦੇਰ ਨਾ,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://alltvads.com/bhajan/lyrics/id/24150/title/der-na-kari-ni-maaye

अपने Android मोबाइल पर BhajanGanga App डाउनलोड करें और भजनों का आनंद ले |